(ਦਫਤਰ ਡਾਇਰੇਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ, ਐਸ.ਏ.ਐਸ. ਨਗਰ
ਅਮਲਾ-4 ਸ਼ਾਖਾ
(adsa4oct@gmail.com)

ਪਬਲਿਕ ਨੋਟਿਸ

ਵਿਸ਼ਾ:-ਹੋਰ ਕੈਟਾਗਰੀ ਅਧਿਆਪਕਾਂ ਤੋਂ ਮਾਸਟਰ/ਮਿਸਟ੍ਰੈਸ ਕਾਡਰ ਵਿੱਚ ਪੱਦ ਉਨਤੀਆਂ ਕਰਨ ਸਬੰਧੀ।

1.0 ਪੰਜਾਬ ਐਜੂਕੇਸ਼ਨ (ਟੀਚਿੰਗ ਕਾਡਰ) ਗਰੁੱਪ "ਸੀ" ਸੇਵਾ ਨਿਯਮ 2018, ਸੋਧ 2020 ਅਤੇ ਪੰਜਾਬ ਐਜੂਕੇਸ਼ਨ (ਟੀਚਿੰਗ ਕਾਡਰ) ਬਾਰਡਰ ਏਰੀਆ ਗਰੁੱਪ "ਸੀ" ਸੇਵਾ ਨਿਯਮ 2018, ਸੋਧ 2020, ਅਨੁਸਾਰ ਹੋਰ ਕੈਟਾਗਰੀ ਅਧਿਆਪਕਾਂ ਤੋਂ ਮਾਸਟਰ/ਮਿਸਟ੍ਰੈਸ ਕਾਡਰ ਦੇ ਪੰਜਾਬੀ, ਹਿੰਦੀ, ਇੰਗਲਿਸ਼, ਸਮਾਜਿਕ ਸਿੱਖਿਆ, ਮੈਥ, ਮਿਊਜ਼ਿਕ ਅਤੇ ਹੋਮ ਸਾਇੰਸ ਵਿਸ਼ਿਆਂ ਵਿੱਚ ਇਸ ਦਫਤਰ ਦੇ ਹੁਕਮ ਨੰ: **19/10-2020 ਅ4(4)/2020166155** ਮਿਤੀ: 13-11-2020 ਅਤੇ ਇਸ ਦੀ ਲਗਾਤਾਰਤਾ ਵਿੱਚ ਪਦਉਨਤੀਆਂ ਕੀਤੀਆਂ ਗਈਆਂ ਹਨ।

2.0 ਉਕਤ ਪਦਉਨਤ ਹੋਏ ਅਧਿਆਪਕਾਂ ਨੂੰ ਸਟੇਸਨ ਅਲਾਟਮੈਂਟ **ਜ਼ੂਮ ਐਪ (ZOOM APP)** ਰਾਹੀਂ ਕਰਵਾਈ ਜਾਵੇਗੀ ਅਤੇ ਪੱਦਉਨੱਤ ਹੋਏ ਕਰਮਚਾਰੀਆਂ ਨੂੰ ਸਟੇਸਨ ਅਲਾਟਮੈਂਟ ਜ਼ੂਮ ਐਪ ਲਿੰਕ (ZOOM APP) ਵਾਟਸਐਪ ਰਾਹੀਂ ਭੇਜ ਦਿੱਤਾ ਜਾਵੇਗਾ। ਸਟੇਸਨ ਚੋਣ ਵੀਡਿਓ ਕਾਨਫਰਸਿੰਗ ਰਾਹੀਂ ਹੇਠ ਲਿਖੇ schedule ਅਨੁਸਾਰ ਕੀਤੀ ਜਾਵੇਗੀ।

ਲੜੀ ਨੰ:	ਵਿਸਾ	ਸਟੇਸਨ ਚੋਣ ਦੀ ਮਿਤੀ	ਸਮਾਂ	ਵਿਸ਼ੇਸ਼ ਕਥਨ
1	ਹੋਮ ਸਾਇੰਸ	23.12.2020	ਸਵੇਰੇ 9.00 ਤੋਂ 9.30	ਨੱਥੀ ਲਿਸਟ
2	ਮਿਊਜਿਕ	23.12.2020	ਸਵੇਰੇ 9.30 ਤੋਂ 10.00	ਨੱਥੀ ਲਿਸਟ
3	ਮੈਥ	23.12.2020	ਸਵੇਰੇ 10.30 ਤੋਂ 11.00	ਨੱਥੀ ਲਿਸਟ
4	ਇੰਗਲਿਸ	23.12.2020	ਸਵੇਰੇ 11.00 ਤੋਂ 11.30	ਨੱਥੀ ਲਿਸਟ
5	ਹਿੰਦੀ	23.12.2020	ਸਵੇਰੇ 11.30 ਤੋਂ 1.30 ਅਤੇ ਦੁਪਹਿਰ 2.00 ਤੋਂ 3.00	ਨੱਥੀ ਲਿਸਟ
6	ਪੰਜਾਬੀ	23.12.2020	ਦੁਪਹਿਰ 3.00 ਤੋਂ	ਨੱਥੀ ਲਿਸਟ
7	ਐਸ.ਐਸ.ਟੀ	24.12.2020	ਸਵੇਰੇ 9.00 ਤੋਂ 12.00 (ਨੱਥੀ ਲਿਸਟ ਅਨੁਸਾਰ 1 ਤੋਂ 100 ਤੱਕ) ਦੁਪਹਿਰ 2.00 ਤੋਂ 5.00 (ਨੱਥੀ ਲਿਸਟ ਅਨੁਸਾਰ 101 ਤੋਂ)	ਨੱਥੀ ਲਿਸਟ

3.0 ਸੰਬੰਧਤ ਕਰਮਚਾਰੀ/ਕਰਮਚਾਰਨ ਨੂੰ ਸਟੇਸਨ ਅਲਾਟ ਕਰਨ ਸਮੇਂ (ZOOM APP) ਤੇ ਹਾਜਰ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ। ਜੇਕਰ ਕਿਸੇ ਕਾਰਨ ਵਜੋਂ ਕੋਈ ਕਰਮਚਾਰੀ/ਕਰਮਚਾਰਨ ਸਟੇਸਨ ਚੋਣ ਲਈ ਸਮੇਂ ਸਿਰ ਹਾਜਰ ਨਹੀਂ ਹੁੰਦਾ ਤਾਂ ਉਸਨੂੰ ਵਿਭਾਗ ਵੱਲੋਂ ਆਪਣੇ ਪੱਧਰ ਤੇ ਸਟੇਸਨ ਅਲਾਟ ਕਰ ਦਿੱਤਾ ਜਾਵੇਗਾ।

4.0 ਸਟੇਸਨ ਅਲਾਟ ਕਰਨ ਹਿੱਤ ਅੰਗਹੀਣ, ਵਿਧਵਾ/ਤਲਾਕ ਸੁਦਾ, ਕੈਂਸਰ ਦੀ ਬਿਮਾਰੀ ਨਾਲ ਪੀੜਤ ਅਤੇ ਮੰਦ ਬੁੱਧੀ ਬੱਚਿਆਂ ਦੇ ਮਾਂਪਿਆਂ ਨੂੰ ਪਹਿਲ ਦਿੱਤੀ ਜਾਵੇਗੀ। ਇਹ ਕਰਮਚਾਰੀ ਆਪਣੀ ਕੈਟਾਗਰੀ ਨਾਲ ਸਬੰਧਤ ਸਬੂਤ ਦੀ ਫੋਟੋਕਾਪੀ ਪ੍ਰਤੀਹਸਤਾਖਰ ਕਰਕੇ ਇਸ ਦਫਤਰ ਦੀ ਈ-ਮੇਲ ਆਈ.ਡੀ **adsa4oct@gmail.com** ਤੇ ਮਿਤੀ 23.12.2020 ਸਵੇਰੇ 8.00 ਵਜੇ ਤੱਕ ਭੇਜਣੀਆਂ ਯਕੀਨੀ ਬਣਾਉਣਗੇ। ਬਾਅਦ ਵਿੱਚ ਪ੍ਰਾਪਤ ਹੋਣ ਵਾਲੀਆਂ ਪ੍ਰਤੀਬੇਨਤੀਆਂ ਵਿਚਾਰਨ ਯੋਗ ਨਹੀ ਹੋਣਗੀਆਂ।

ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ

ਹੁਕਮ ਨੰਬਰ: 19/10-2020 ਅ4(4)
ਮਿਤੀ: 22-12-2020